ਆਰਥਿਕ ਖੁਸ਼ਹਾਲੀ ਅਤੇ ਸੁਰੱਖਿਆ ਬਾਰੇ ਕੁਆਡ ਦੀ ਸੰਯੁਕਤ ਪ੍ਰੈੱਸ ਰਿਲੀਜ਼

ਸੰਯੁਕਤ ਰਾਜ ਦੇ ਰਾਜ ਸਕੱਤਰ ਅਤੇ ਆਸਟ੍ਰੇਲੀਆ, ਭਾਰਤ ਅਤੇ ਜਪਾਨ ਦੇ ਵਿਦੇਸ਼ ਮੰਤਰੀਆਂ ਨੇ 31 ਅਕਤੂਬਰ, 2026 ਨੂੰ ਚੱਲ ਰਹੀ ਕੁਆਡ ਪਹਿਲਕਦਮੀਆਂ 'ਤੇ ਪ੍ਰਗਤੀ 'ਤੇ ਚਰਚਾ ਕਰਨ ਅਤੇ ਇੱਕ ਆਜ਼ਾਦ ਤੇ ਖੁੱਲ੍ਹੇ ਇੰਡੋ-ਪੈਸੀਫਿਕ ਪ੍ਰਤੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਨ ਲਈ ਅਟਲਾਂਟਾ, ਜਾਰਜੀਆ ਵਿੱਚ ਮੁਲਾਕਾਤ ਕੀਤੀ।

ਕੁਆਡ ਮੰਤਰੀਆਂ ਨੇ ਵਿਸ਼ਵਵਿਆਪੀ ਸਥਿਰਤਾ ਅਤੇ ਖੁਸ਼ਹਾਲੀ ਨੂੰ ਬਣਾਈ ਰੱਖਣ ਵਿੱਚ ਆਰਥਿਕ ਸੁਰੱਖਿਆ ਦੇ ਮਹੱਤਵ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਭਰੋਸੇਮੰਦ ਅਤੇ ਖੁੱਲ੍ਹੀ ਵਿਸ਼ਵ-ਵਿਆਪੀ ਸਪਲਾਈ ਚੇਨ ਅਤੇ ਭਰੋਸੇਮੰਦ ਅਤੇ ਲਚਕੀਲੇ ਬੁਨਿਆਦੀ ਢਾਂਚੇ ਦੇ ਨਿਰਮਾਣ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਨੇ ਮਨਮਾਨੀ ਭਰੀਆਂ ਨਿਰਯਾਤ ਪਾਬੰਦੀਆਂ ਦੇ ਨਾਲ-ਨਾਲ ਗੈਰ-ਬਾਜ਼ਾਰ ਨੀਤੀਆਂ ਅਤੇ ਅਭਿਆਸਾਂ ਸਮੇਤ ਆਰਥਿਕ ਦਬਾਅ ਦੇ ਸਬੰਧ ਵਿੱਚ ਗੰਭੀਰ ਚਿੰਤਾਵਾਂ ਜਾਹਰ ਕੀਤੀਆਂ, ਜੋ ਅਹਿਮ ਉਦਯੋਗਾਂ ਦੀ ਗਲੋਬਲ ਸਪਲਾਈ ਚੇਨ ਵਿੱਚ ਰੁਕਾਵਟ ਬਣ ਸਕਦੀਆਂ ਹਨ। ਅਹਿਮ ਸਮੁੰਦਰੀ ਮਾਰਗਾਂ, ਨਿਰਵਿਘਨ ਵਪਾਰ, ਊਰਜਾ ਸੁਰੱਖਿਆ ਅਤੇ ਬਿਨਾਂ ਕਿਸੇ ਤੋਂ ਸਮੁੰਦਰੀ ਚਾਲਕ ਦਲ ਅਤੇ ਸਮੁੰਦਰੀ ਜਹਾਜਾਂ ਦੀ ਨਿਰਵਿਘਨ ਆਵਾਜਾਈ ਅਤੇ ਸੁਰੱਖਿਆ ਦੀ ਮਹੱਤਤਾ ਨੂੰ ਸਮਝਦਿਆਂ, ਉਨ੍ਹਾਂ ਨੇ ਯੂਐਨਸੀਐਲਓਐਸ ਵਿੱਚ ਦਰਸਾਏ ਅਨੁਸਾਰ ਹੋਰਮਜ਼, ਰੈੱਡ ਸੀ ਅਤੇ ਬਾਬ ਅਲ-ਮੈਂਡੇਬ ਸਟ੍ਰੇਟ ਦੇ ਜਲਈ ਖੇਤਰ ਵਿੱਚ ਸਮੁੰਦਰੀ ਅਧਿਕਾਰਾਂ ਅਤੇ ਆਜ਼ਾਦੀ ਨੂੰ ਸੁਰੱਖਿਅਤ ਕਰਨ ਅਤੇ ਸੰਭਾਲਣ ਦੀ ਜ਼ਰੂਰਤ ਨੂੰ ਦੁਹਰਾਇਆ।

ਕੁਆਡ ਮੰਤਰੀਆਂ ਨੇ ਆਰਥਿਕ ਵਿਕਾਸ ਦੇ ਭਵਿੱਖ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਪੈਕਸ ਸਿਲਿਕਾ ਵਰਗੀਆਂ ਪਹਿਲਕਦਮੀਆਂ ਦੇ ਮਹੱਤਵ 'ਤੇ ਚਾਨਣਾ ਪਾਇਆ ਅਤੇ ਕੁਆਡ ਏਆਈ ਐਕਸਲਰੇਟਰ ਸਮੇਤ ਇੰਡੋ-ਪੈਸੀਫਿਕ ਵਿੱਚ ਭਰੋਸੇਯੋਗ ਏਆਈ ਤੱਕ ਪਹੁੰਚ ਦਾ ਸਮਰਥਨ ਕਰਨ ਲਈ $85 ਮਿਲੀਅਨ ਤੋਂ ਵੱਧ ਤਕਨੀਕੀ ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰਨ ਦੀ ਆਪਣੀ ਇੱਛਾ ਜਾਹਰ ਕੀਤੀ।

ਕੁਆਡ ਮੰਤਰੀਆਂ ਨੇ ਆਨਲਾਈਨ ਅਤੇ ਸਾਈਬਰ ਘੁਟਾਲਿਆਂ ਦੇ ਵਾਧੇ ਬਾਰੇ ਆਪਣੀ ਡੂੰਘੀ ਚਿੰਤਾ ਜਾਹਰ ਕੀਤੀ ਜੋ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਅਮਨ-ਸ਼ਾਂਤੀ ਅਤੇ ਸੁਰੱਖਿਆ ਲਈ ਖ਼ਤਰਾ ਪੈਦਾ ਕਰਦੇ ਹਨ। ਉਨ੍ਹਾਂ ਨੇ ਧੋਖਾਧੜੀ ਅਤੇ ਮਨੁੱਖੀ ਤਸਕਰੀ ਕਰਨ ਵਾਲੇ ਅਪਰਾਧਿਕ ਸਮੂਹਾਂ ਦੀ ਨਿੰਦਾ ਕੀਤੀ, ਜੋ ਸਾਡੇ ਨਾਗਰਿਕਾਂ ਨਾਲ ਧੋਖਾਧੜੀ ਕਰਨ ਲਈ ਲੋਕਾਂ ਨੂੰ ਮਜ਼ਬੂਰ ਕਰਦੇ ਹਨ ਅਤੇ ਸਾਡੇ ਸਬੰਧਿਤ ਦੇਸ਼ਾਂ ਤੋਂ ਸਾਲਾਨਾ ਅਰਬਾਂ ਡਾਲਰ ਦੀ ਕਮਾਈ ਦੀ ਲੁੱਟ ਕਰ ਰਹੇ ਹਨ। ਕੁਆਡ ਦੇਸ਼ ਇਨ੍ਹਾਂ ਗਤੀਵਿਧੀਆਂ ਨੂੰ ਖ਼ਤਮ ਕਰਨ ਅਤੇ ਅੰਤਰਰਾਸ਼ਟਰੀ ਅਪਰਾਧਿਕ ਸਮੂਹਾਂ ਅਤੇ ਉਨ੍ਹਾਂ ਦੇ ਲੀਡਰਾਂ ਨੂੰ ਜਵਾਬਦੇਹ ਬਣਾਉਣ ਲਈ ਪੂਰੀ ਤਰ੍ਹਾ ਵਚਨਬੱਧ ਹਨ।

ਕੁਆਡ ਮੰਤਰੀਆਂ ਨੇ 26 ਅਗਸਤ, 2026 ਨੂੰ ਆਏ ਅਚਾਨਕ ਹੜ੍ਹ ਦੌਰਾਨ ਆਪਣੀਆਂ ਜਾਨਾਂ ਗੁਆਉਣ ਵਾਲੇ ਲੋਕਾਂ ਪ੍ਰਤੀ ਹਮਦਰਦੀ ਪ੍ਰਗਟ ਕੀਤੀ ਅਤੇ ਜ਼ਰੂਰਤ ਦੇ ਸਮੇਂ ਭਾਈਵਾਲਾਂ ਦੀ ਸਹਾਇਤਾ ਕਰਨ ਪ੍ਰਤੀ ਆਪਣੀ ਸਾਂਝੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਨੇ ਨੇਪਾਲ ਦੇ ਬਚਾਅ ਕਾਰਜਾਂ ਵਿੱਚ ਭਾਰਤ ਦੀ ਮੋਹਰੀ ਭੂਮਿਕਾ ਅਤੇ ਸਾਰੇ ਕੁਆਡ ਦੇਸ਼ਾਂ ਵੱਲੋਂ ਨੇਪਾਲ ਨੂੰ ਦਿੱਤੇ ਮਹੱਤਵਪੂਰਨ ਸਹਿਯੋਗ ਨੂੰ ਵੀ ਮਾਨਤਾ ਦਿੱਤੀ।

ਕੁਆਡ ਮੰਤਰੀਆਂ ਨੇ ਇੰਡੋ-ਪੈਸੀਫਿਕ ਦੀ ਖੁਸ਼ਹਾਲੀ ਨੂੰ ਹੁਲਾਰਾ ਦੇਣ ਵਾਲੀਆਂ ਮੁੱਖ ਪਹਿਲਕਦਮੀਆਂ 'ਤੇ ਪ੍ਰਗਤੀ ਦਾ ਸਵਾਗਤ ਕੀਤਾ, ਜਿਸ ਵਿੱਚ:

ਆਰਥਿਕ ਖੁਸ਼ਹਾਲੀ ਅਤੇ ਸੁਰੱਖਿਆ

ਮਹੱਤਵਪੂਰਨ ਖਣਿਜਾਂ ਦੀ ਸਪਲਾਈ ਚੇਨ ਨੂੰ ਸੁਰੱਖਿਅਤ ਕਰਨਾ: ਮਈ 2026 ਵਿੱਚ ਐਲਾਨੇ ਗਏ ਕਵਾਡ ਕ੍ਰਿਟੀਕਲ ਮਿਨਰਲਜ਼ ਇਨੀਸ਼ੀਏਟਿਵ ਫਰੇਮਵਰਕ ਤਹਿਤ, ਕੁਆਡ ਦੇਸ਼ਾਂ ਨੇ ਮਹੱਤਵਪੂਰਨ ਖਣਿਜਾਂ ਦੀ ਸਪਲਾਈ ਚੇਨ ਬਾਰੇ ਆਪਣਾ ਸਹਿਯੋਗ ਮਜ਼ਬੂਤ ਕੀਤਾ ਹੈ, ਜੋ ਕਿਸੇ ਵੀ ਇੱਕ ਸਪਲਾਇਰ 'ਤੇ ਨਿਰਭਰਤਾ ਨੂੰ ਘਟਾਉਣ ਲਈ ਇਲੈਕਟ੍ਰਾਨਿਕਸ ਰਹਿੰਦ-ਖੂੰਹਦ ਅਤੇ ਸਕ੍ਰੈਪ ਸਮੱਗਰੀ ਤੋਂ ਮਹੱਤਵਪੂਰਣ ਖਣਿਜਾਂ ਨੂੰ ਕੱਢਣ ਲਈ ਮਿਲ ਕੇ ਕੰਮ ਕਰ ਰਹੇ ਹਨ। ਉਨ੍ਹਾਂ ਨੇ ਵੇਸਟ ਕਲੈਕਸ਼ਨ ਨੈੱਟਵਰਕ, ਪ੍ਰੋਸੈਸਿੰਗ ਪਲਾਂਟ ਅਤੇ ਰਿਫਾਇਨਰੀ ਵਿੱਚ ਨਿੱਜੀ ਖੇਤਰ ਤੋਂ ਨਿਵੇਸ਼ ਦਾ ਸਵਾਗਤ ਕੀਤਾ ਅਤੇ ਭਰੋਸੇਮੰਦ ਅਹਿਮ ਖਣਿਜਾਂ ਦੀ ਰੀਸਾਈਕਲਿੰਗ ਵੈਲਯੂ ਚੇਨ ਸਥਾਪਤ ਕਰਨ ਲਈ ਕੁਆਡ ਦੇਸ਼ਾਂ ਨਾਲ ਮਿਲਕੇ ਕੰਮ ਕੀਤਾ। ਉਨ੍ਹਾਂ ਨੇ ਭਾਰਤ ਅਤੇ ਆਸੀਆਨ ਦੇਸ਼ਾਂ ਵਿੱਚ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਨੂੰ ਉਤਸ਼ਾਹਿਤ ਕਰਨ ਲਈ $10 ਮਿਲੀਅਨ ਪ੍ਰਦਾਨ ਕਰਨ ਸਬੰਧੀ ਅਮਰੀਕੀ ਵਚਨਬੱਧਤਾ ਦਾ ਸਵਾਗਤ ਕੀਤਾ, ਜੋ ਰਹਿੰਦ-ਖੂਹੰਦ ਤੋਂ ਮਹੱਤਵਪੂਰਨ ਖਣਿਜਾਂ ਨੂੰ ਕੱਢਦੇ ਹਨ। ਕੁਆਡ ਦੇਸ਼ ਰੀਸਾਈਕਲ ਯੋਗ ਸਮੱਗਰੀ ਦੀ ਸਰਹੱਦ ਪਾਰ ਆਵਾਜਾਈ ਨੂੰ ਸੁਚਾਰੂ ਬਣਾਉਣ ਅਤੇ ਮੌਜੂਦਾ ਨਿਯਮਾਂ ਨੂੰ ਲਾਗੂ ਕਰਨ ਨੂੰ ਮਜ਼ਬੂਤ ਕਰਨ ਲਈ ਨਿਰਯਾਤ ਅਤੇ ਆਯਾਤ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣ ਦੀ ਉਮੀਦ ਕਰਦੇ ਹਨ।

ਇੰਡੋ-ਪੈਸੀਫਿਕ ਵਿੱਚ ਊਰਜਾ ਸੁਰੱਖਿਆ ਦਾ ਸਮਰਥਨ: ਸਤੰਬਰ ਵਿੱਚ, ਕਵਾਡ ਨੇ ਪਹਿਲੀ ਵਾਰ ਕਵਾਡ ਫਿਊਲ ਸਕਿਊਰਿਟੀ ਫੋਰਮ ਕਰਵਾਈ ਜਿਸ ਵਿੱਚ ਇੰਡੋ-ਪੈਸੀਫਿਕ ਵਿੱਚ ਈਂਧਨ ਸੁਰੱਖਿਆ ਨੂੰ ਅੱਗੇ ਵਧਾਉਣ ਸਬੰਧੀ ਸਾਡੀ ਵਚਨਬੱਧਤਾ 'ਤੇ ਚਰਚਾ ਕੀਤੀ ਗਈ, ਜਿਸ ਵਿੱਚ ਉਨ੍ਹਾਂ ਦੇ ਸਬੰਧਿਤ ਰਣਨੀਤਕ ਪੈਟਰੋਲੀਅਮ ਭੰਡਾਰਾਂ ਅਤੇ ਸਟਾਕਹੋਲਡਿੰਗ ਨੂੰ ਮਜ਼ਬੂਤ ਕਰਨਾ ਵੀ ਸ਼ਾਮਲ ਹੈ।

ਫਿਜੀ ਵਿੱਚ ਬੰਦਰਗਾਹਾਂ ਦੇ ਬੁਨਿਆਦੀ ਢਾਂਚੇ ਦਾ ਆਧੁਨਿਕੀਕਰਨ: ਕੁਆਡ ਦੇਸ਼ ਸੁਵਾ, ਲੌਟੋਕਾ ਅਤੇ ਰੋਕੋਬਿਲਿ ਵਿੱਚ ਮੁੱਖ ਬੰਦਰਗਾਹਾਂ ਲਈ ਬੁਨਿਆਦੀ ਢਾਂਚੇ ਦੇ ਆਧੁਨਿਕੀਕਰਨ ਪ੍ਰੋਜੈਕਟਾਂ 'ਤੇ ਫਿਜੀ ਸਰਕਾਰ ਨਾਲ ਸਰਗਰਮੀ ਨਾਲ ਕੰਮ ਕਰ ਰਹੇ ਹਨ। ਇਸ ਵਿੱਚ ਯੂ.ਐਸ. ਮਿਲੇਨੀਅਮ ਚੈਲੇਂਜ ਕਾਰਪੋਰੇਸ਼ਨ ਸ਼ਾਮਲ ਹੈ, ਜੋ ਇੱਕ ਪੋਰਟ ਰਣਨੀਤਕ ਵਿਕਾਸ ਫਰੇਮਵਰਕ ਵਿਕਸਿਤ ਕਰਨ ਵਿੱਚ ਫਿਜੀ ਦਾ ਸਮਰਥਨ ਕਰ ਰਿਹਾ ਹੈ, ਅਤੇ ਆਸਟ੍ਰੇਲੀਆ ਸਰਕਾਰ, ਜੋ ਇੱਕ ਨਵੀਂ ਟ੍ਰਾਂਸਸ਼ਿਪਮੈਂਟ ਪੋਰਟ ਸੁਵਿਧਾ ਦੀ ਸੰਭਾਵਨਾ ਦਾ ਮੁਲਾਂਕਣ ਕਰ ਰਹੀ ਹੈ।

ਇੰਡੋ-ਪੈਸੀਫਿਕ ਵਿੱਚ ਬੁਨਿਆਦੀ ਢਾਂਚੇ ਦੀ ਸਮਰੱਥਾ ਦਾ ਨਿਰਮਾਣ: ਅੱਜ ਤੱਕ, ਕਵਾਡ ਦੇਸ਼ਾਂ ਨੇ ਪ੍ਰਸ਼ਾਂਤ, ਦੱਖਣ-ਪੂਰਬੀ ਏਸ਼ੀਆ ਅਤੇ ਦੱਖਣੀ ਏਸ਼ੀਆ ਵਿੱਚ 2000 ਤੋਂ ਵੱਧ ਬੁਨਿਆਦੀ ਢਾਂਚੇ ਸਬੰਧੀ ਫੈਲੋਸ਼ਿਪ ਪ੍ਰਦਾਨ ਕੀਤੀਆਂ ਹਨ, ਜਿਸ ਨਾਲ ਇੰਡੋ-ਪੈਸੀਫਿਕ ਦੇਸ਼ਾਂ ਨੂੰ ਇੱਕ ਮਜ਼ਬੂਤ ਅਤੇ ਵਧੇਰੇ ਲਚਕੀਲੇ ਖੇਤਰ ਦਾ ਸਮਰਥਨ ਕਰਨ ਲਈ ਮਹੱਤਵਪੂਰਣ ਹੁਨਰ ਪ੍ਰਾਪਤ ਹੋਏ ਹਨ।

ਵਪਾਰਕ ਕੂਟਨੀਤੀ ਦਾ ਵਿਸਥਾਰ: ਕੁਆਡ ਲੀਡਰਾਂ ਨੇ ਪਹਿਲੀ ਵਾਰ ਕੁਆਡ ਬਿਜਨਸ ਲੀਡਰਸ ਫੋਰਮ ਦਾ ਐਲਾਨ ਕੀਤਾ ਇਸ ਵਿੱਚ ਕੁਆਡ ਦੇਸ਼ਾਂ ਦੇ ਉਦਯੋਗਿਕ ਲੀਡਰ, ਸਰਕਾਰ ਅਤੇ ਨੀਤੀ ਮਾਹਰ ਸ਼ਾਮਲ ਹੋਣਗੇ ਤਾਂ ਜੋ ਮੁੱਖ

ਖੇਤਰਾਂ ਵਿੱਚ ਵਪਾਰਕ ਸਮਝੌਤਿਆਂ ਨੂੰ ਉਤਸ਼ਾਹਿਤ ਕਰਨ ਸਮੇਤ ਸਾਡੇ ਜਨਤਕ ਅਤੇ ਨਿੱਜੀ ਖੇਤਰਾਂ ਵਿੱਚ ਸਬੰਧਾਂ ਨੂੰ ਬਿਹਤਰ ਬਣਾਇਆ ਜਾ ਸਕੇ। 2024 ਦੇ ਸਹਿਯੋਗ ਮੈਮੋਰੰਡਮ 'ਤੇ ਆਧਾਰਿਤ, ਕਵਾਡ ਐਕਸਪੋਰਟ ਕ੍ਰੈਡਿਟ ਏਜੰਸੀਆਂ ਦਾ ਸੰਮੇਲਨ 18 ਨਵੰਬਰ ਨੂੰ ਵਿਵਹਾਰਕ ਸਹਿਯੋਗ ਦੇ ਮੌਕਿਆਂ ਦੀ ਪਛਾਣ ਕਰਨ ਲਈ ਟੋਕੀਓ ਵਿੱਚ ਬੁਲਾਈ ਜਾਵੇਗੀ ਜੋ ਆਰਥਿਕ ਸਹਿਯੋਗ ਨੂੰ ਮਜ਼ਬੂਤ ਕਰਨ ਪ੍ਰਤੀ ਸਾਡੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

ਇੰਡੋ-ਪੈਸੀਫਿਕ ਵਿੱਚ ਸੁਰੱਖਿਅਤ ਅਤੇ ਲਚਕੀਲੇ ਡਿਜੀਟਲ ਸੰਪਰਕ ਦਾ ਵਿਸਥਾਰ: ਕੁਆਡ ਦੇਸ਼ ਖੇਤਰ ਵਿੱਚ ਭਰੋਸੇਮੰਦ, ਨਿਰੰਤਰ ਅਤੇ ਹਾਈ-ਸਪੀਡ ਕੇਬਲ ਰੂਟ ਨੂੰ ਵਿਕਸਿਤ ਕਰਨ ਸਬੰਧੀ ਕੋਸ਼ਿਸ਼ਾਂ ਵਿੱਚ ਤੇਜ਼ੀ ਲਿਆ ਰਹੇ ਹਨ ਅਤੇ ਸੁਰੱਖਿਅਤ ਅਤੇ ਲਚਕੀਲੇ ਅੰਡਰ ਸੀ ਡਾਟਾ ਕੇਬਲ ਦੇ ਪ੍ਰਬੰਧਨ ਲਈ ਬਿਹਤਰ ਅਭਿਆਸਾਂ ਨੂੰ ਸਾਂਝਾ ਕਰ ਰਹੇ ਹਨ।

ਸਮੁੰਦਰੀ ਅਤੇ ਅੰਤਰਰਾਸ਼ਟਰੀ ਸੁਰੱਖਿਆ

ਸਮੁੰਦਰ ਨੂੰ ਸੁਰੱਖਿਅਤ ਬਣਾਉਣਾ: ਦੂਜਾ ਕੁਆਡ-ਐਟ-ਸੀ ਸ਼ਿਪ ਅਬਜਰਵਰ ਮਿਸ਼ਨ ਸਤੰਬਰ 25 ਤੋਂ ਅਕਤੂਬਰ 7 ਤੱਕ ਚੇਨਈ, ਭਾਰਤ ਤੋਂ ਪਰਥ, ਆਸਟ੍ਰੇਲੀਆ ਤੱਕ ਸਫਲਤਾਪੂਰਵਕ ਰਵਾਨਾ ਹੋਇਆ, ਜਿਸ ਦੌਰਾਨ ਭਾਰਤੀ ਤੱਟ ਰੱਖਿਅਕ ਆਫਸ਼ੋਰ ਗਸ਼ਤ ਜਹਾਜ 'ਤੇ ਸਾਰੇ ਚਾਰ ਕੁਆਡ ਦੇਸ਼ਾਂ ਦੇ ਪ੍ਰਤੀਨਿਧੀ ਸਵਾਰ ਹੋਏ. ਇਹ ਗੈਰ-ਕਾਨੂੰਨੀ ਸਮੁੰਦਰੀ ਗਤੀਵਿਧੀਆਂ ਨਾਲ ਨਜਿੱਠਣ ਲਈ ਕੁਆਡ ਸਮੁੰਦਰੀ ਅੰਤਰ-ਕਾਰਜਸ਼ੀਲਤਾ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

ਸਮੁੰਦਰੀ ਸਹਿਯੋਗ ਨੂੰ ਮਜ਼ਬੂਤ ਕਰਨਾ: ਕੁਆਡ ਦੇਸ਼ ਸੀ ਡ੍ਰੈਗਨ 2027 ਵਿੱਚ ਇੰਡੋ-ਪੈਸੀਫਿਕ ਸਮੁੰਦਰੀ ਨਿਗਰਾਨੀ ਸਹਿਯੋਗ ਸਬੰਧੀ ਪਹਿਲ ਤਹਿਤ ਆਪਣਾ ਪਹਿਲਾ ਅਭਿਆਸ ਕਰਵਾਉਣ ਦੀ ਉਮੀਦ ਕਰ ਰਹੇ ਹਨ। ਜਾਣਕਾਰੀ ਸਾਂਝੀ ਕਰਨ ਅਤੇ ਸਮੁੰਦਰੀ ਡੋਮੇਨ ਜਾਗਰੂਕਤਾ ਵਿੱਚ ਵਾਧਾ ਕਰਨ ਦੇ ਉਦੇਸ਼ ਨਾਲ ਨਵੀਂ ਦਿੱਲੀ ਵਿਖੇ ਸਕੱਤਰ ਅਤੇ ਵਿਦੇਸ਼ ਮੰਤਰੀਆਂ ਵਲੋਂ ਮਈ ਵਿੱਚ ਇਸ ਪਹਿਲ ਦੀ ਘੋਸ਼ਣਾ ਕੀਤੀ ਗਈ ਸੀ।

ਸਮੁੰਦਰੀ ਡੋਮੇਨ ਜਾਗਰੂਕਤਾ (ਐਮਡੀਏ) ਵਿੱਚ ਸੁਧਾਰ: ਕੁਆਡ ਦੇਸ਼ 2027 ਦੇ ਸ਼ੁਰੂ ਵਿੱਚ ਕੁਆਡ ਸਮੁੰਦਰੀ ਸਿਖਲਾਈ ਪਹਿਲ (ਐਮਏਆਈਟੀਆਰਆਈ) ਦੇ ਤਹਿਤ ਪਹਿਲੇ ਕੁਆਡ ਸਮੁੰਦਰੀ ਡੋਮੇਨ ਜਾਗਰੂਕਤਾ ਟ੍ਰੈਕ 1.5 ਸਿੰਪੋਜੀਅਮ ਦੀ ਘੋਸ਼ਣਾ ਕਰ ਰਹੇ ਹਨ, ਜੋ ਐਮਡੀਏ ਪਹੁੰਚ, ਤਕਨੀਕਾਂ ਅਤੇ ਜਾਣਕਾਰੀ ਸਾਂਝੀ ਕਰਨ 'ਤੇ ਚਰਚਾ ਕਰਨ ਲਈ ਖੇਤਰੀ ਭਾਗੀਦਾਰਾਂ ਨੂੰ ਇੱਕ ਪਲੇਟਫਾਰਮ ਪ੍ਰਦਾਨ ਕਰੇਗਾ।

ਮਹੱਤਵਪੂਰਨ ਅਤੇ ਉੱਭਰਦੀ ਤਕਨੀਕ

ਭਰੋਸੇਮੰਦ ਸੰਚਾਰ ਨੈੱਟਵਰਕ: ਕੁਆਡ ਲੀਡਰਾਂ ਦੀ 6ਜੀ ਲੀਡਰਸ਼ਿਪ ਅਤੇ ਸੁਰੱਖਿਆ ਲਈ ਕਾਲ ਟੂ ਐਕਸ਼ਨ ਦੇ ਸਮਰਥਨ ਵਜੋਂ, ਕੁਆਡ ਦੇਸ਼ਾਂ ਨੇ 5ਜੀ, 6ਜੀ, ਓਪਨ ਰੇਡੀਓ ਐਕਸੈਸ ਨੈੱਟਵਰਕ (ਆਰਏਐਨ) ਅਤੇ ਏਆਈ

ਆਰਏਐਨ ਸਮੇਤ ਭਰੋਸੇਮੰਦ ਐਡਵਾਂਸਡ ਸੰਚਾਰ ਤਕਨੀਕਾਂ 'ਤੇ ਸਹਿਯੋਗ ਲਈ ਉਨ੍ਹਾਂ ਪ੍ਰਮੁੱਖ ਦੇਸ਼ਾਂ ਦੀ ਪਛਾਣ ਕਰਨ ਲਈ ਵਚਨਬੱਧਤਾ ਪ੍ਰਗਟਾਈ ਜੋ ਭਰੋਸੇਮੰਦ 5ਜੀ ਪ੍ਰੋਜੈਕਟ ਦੀ ਲੜੀ ਤਿਆਰ ਕਰਨ ਦੇ ਨਾਲ-ਨਾਲ ਏਆਈ ਆਰਏਐਨ ਬਾਰੇ ਭਵਿੱਖੀ ਸਹਿਯੋਗ ਦੀਆਂ ਸੰਭਾਵਨਾਵਾਂ ਤਲਾਸ਼ ਕਰ ਰਹੇ ਹਨ।

ਸੈਮੀਕੰਡਕਟਰ ਅਤੇ ਏਆਈ ਹਾਰਡਵੇਅਰ: ਕੁਆਡ ਦੇਸ਼ਾਂ ਨੇ ਉੱਨਤ, ਅਤਿ-ਆਧੁਨਿਕ ਸੈਮੀਕੰਡਕਟਰ ਅਤੇ ਏਆਈ ਹਾਰਡਵੇਅਰ ਲਈ ਸੁਰੱਖਿਅਤ, ਲਚਕੀਲੀ ਅਤੇ ਭਰੋਸੇਮੰਦ ਸਪਲਾਈ ਚੇਨ ਬਣਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਹ ਸੈਮੀਕੰਡਕਟਰ ਅਤੇ ਏਆਈ ਸਪਲਾਈ ਚੇਨ ਵਿੱਚ ਰੁਕਾਵਟ ਵਾਲੇ ਬਿੰਦੂਆਂ ਦੀ ਪਛਾਣ ਕਰਨ ਲਈ ਇੱਕ ਨਵੀਂ ਪਹਿਲ ਸ਼ੁਰੂ ਕਰਨਗੇ, ਇਸ ਤੋਂ ਪਹਿਲਾਂ ਕਿ ਉਹ ਕੋਈ ਰੁਕਾਵਟ ਪੈਦਾ ਕਰਨ।

ਡਿਜੀਟਲ ਪਛਾਣ ਸਬੰਧੀ ਮਾਪਦੰਡ: ਕੁਆਡ ਦੇਸ਼ ਡਿਜੀਟਲ ਪਛਾਣ ਸਬੰਧੀ ਮਾਪਦੰਡਾਂ ਨੂੰ ਮੈਪ ਕਰਨ ਦੇ ਯਤਨਾਂ ਦਾ ਵਿਸਥਾਰ ਕਰ ਰਹੇ ਹਨ ਜਿਸ ਨਾਲ ਸਾਡੇ ਜਨਤਕ ਅਤੇ ਨਿੱਜੀ ਖੇਤਰਾਂ ਲਈ ਇਕੱਠੇ ਕੰਮ ਕਰਨਾ ਆਸਾਨ ਹੋ ਜਾਵੇਗਾ।

ਸਾਈਬਰ ਸੁਰੱਖਿਆ 'ਤੇ ਸਹਿਯੋਗ ਨੂੰ ਮਜ਼ਬੂਤ ਕਰਨਾ: ਇਸ ਮਹੀਨੇ, ਕਵਾਡ ਸਾਈਬਰ ਸੀਨੀਅਰ ਅਧਿਕਾਰੀਆਂ ਨੇ ਬੈਠਕ ਕੀਤੀ ਅਤੇ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਇੱਕ ਭਰੋਸੇਮੰਦ ਅਤੇ ਲਚਕੀਲੇ ਸਾਈਬਰ ਸੁਰੱਖਿਆ ਮਾਹੌਲ ਦਾ ਸਮਰਥਨ ਕਰਨ ਲਈ ਕਵਾਡ ਦੇਸ਼ਾਂ ਦੀਆਂ ਵਿਲੱਖਣ ਸਮਰੱਥਾਵਾਂ ਨੂੰ ਹੋਰ ਵਿਕਸਤ ਕਰਨ ਦਾ ਸੰਕਲਪ ਲਿਆ।

ਮਨੁੱਖੀ ਸਹਾਇਤਾ ਅਤੇ ਐਮਰਜੈਂਸੀ ਪ੍ਰਤੀਕਿਰਿਆ

ਆਫ਼ਤਾਂ ਨਾਲ ਨਜਿੱਠਣ ਦੀ ਸਮਰੱਥਾ ਵਿੱਚ ਵਾਧਾ ਕਰਨਾ: ਕਵਾਡ ਆਪਣੀ ਮਨੁੱਖੀ ਸਹਾਇਤਾ ਅਤੇ ਆਫ਼ਤ ਰਾਹਤ ਸਬੰਧੀ ਸਾਂਝੇਦਾਰੀ ਰਾਹੀਂ ਕੁਦਰਤੀ ਆਫ਼ਤਾਂ ਨਾਲ ਨਜਿੱਠਣ ਲਈ ਸਮਰੱਥਾਵਾਂ ਨੂੰ ਵਿਕਸਿਤ ਕਰਨਾ ਜਾਰੀ ਰੱਖੇਗੀ। ਆਸਟ੍ਰੇਲੀਆ, ਜਾਪਾਨ ਅਤੇ ਸੰਯੁਕਤ ਰਾਜ ਅਮਰੀਕਾ ਵੱਲੋਂ ਕੁਦਰਤੀ ਆਫਤਾਂ ਨਾਲ ਨਜਿੱਠਣ ਲਈ ਸਾਂਝੀ ਸਮਰੱਥਾ ਨਿਰਮਾਣ ਲਈ ਨਵੰਬਰ ਵਿੱਚ ਭਾਰਤ ਦੀ ਸਾਲਾਨਾ ਸੰਯੁਕਤ ਮਨੁੱਖੀ ਸਹਾਇਤਾ ਅਤੇ ਆਫ਼ਤ ਰਾਹਤ ਅਭਿਆਸ (ਏਜੇਐਚਈ-26) ਵਿੱਚ ਨਿਰੀਖਕ ਭੇਜੇ ਜਾਣਗੇ।

ਸਾਂਝੀਆਂ ਲੌਜਿਸਟਿਕਸ ਸਮਰੱਥਾਵਾਂ ਦਾ ਵਿਕਾਸ ਕਰਨਾ: ਕੁਆਡ ਦੇਸ਼ਾਂ ਨੇ ਸਤੰਬਰ ਵਿੱਚ ਜਾਪਾਨ ਦੇ ਰੱਖਿਆ ਮੰਤਰਾਲੇ ਵਲੋਂ ਕਰਵਾਈ ਦੂਜੀ ਆਈਪੀਐਲਐਨ ਟੇਬਲਟਾਪ ਅਭਿਆਸ (ਟੀਟੀਐਕਸ) ਦੌਰਾਨ ਇੰਡੋ-ਪੈਸੀਫਿਕ ਲੌਜਿਸਟਿਕਸ ਨੈੱਟਵਰਕ (ਆਈਪੀਐਲਐਨ) ਸਟੈਂਡਰਡ ਆਪਰੇਟਿੰਗ ਪ੍ਰਕਿਰਿਆਵਾਂ ਦੇ ਵਿਕਾਸ ਵੱਲ ਮਹੱਤਵਪੂਰਨ ਕਦਮ ਚੁੱਕੇ। ਇਸ ਨਾਲ ਇੰਡੋ-ਪੈਸੀਫਿਕ ਖੇਤਰ ਵਿੱਚ ਕੁਦਰਤੀ ਆਫ਼ਤਾਂ ਨਾਲ ਤੇਜ਼ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਦੀ ਸਹੂਲਤ ਮਿਲੇਗੀ। ਕੁਆਡ ਦੇਸ਼ ਆਪਣੀ ਸਾਂਝੀ ਮਨੁੱਖੀ ਸਹਾਇਤਾ ਅਤੇ ਆਫ਼ਤ ਰਾਹਤ (ਐਚਏਡੀਆਰ) ਲੌਜਿਸਟਿਕਸ ਸਮਰੱਥਾ ਦੇ ਵਿਸਥਾਰ ਨੂੰ ਜਾਰੀ ਰੱਖਣਗੇ, ਜਿਸ ਵਿੱਚ ਰਿਮ ਆਫ਼ ਦੀ ਪੈਸਿਫਿਕ (ਆਰਆਈਐਮਪੀਏਸੀ) ਅਭਿਆਸ ਦੌਰਾਨ ਹੋਣ ਵਾਲਾ ਅਗਲਾ ਆਈਪੀਐਲਐਨ ਅਭਿਆਸ ਵੀ ਸ਼ਾਮਲ ਹੈ।

ਅਸੀਂ ਕੁਆਡ ਲੀਡਰਾਂ ਦੇ ਸਿਖਰ ਸੰਮੇਲਨ, ਅਗਲੇ ਕੁਆਡ ਵਿਦੇਸ਼ ਮੰਤਰੀਆਂ ਦੀ ਬੈਠਕ ਦੇ ਆਯੋਜਨ ਅਤੇ ਇੰਡੋ-ਪੈਸੀਫਿਕ ਖੇਤਰ ਅਤੇ ਇਸ ਤੋਂ ਪਰੇ ਸ਼ਾਂਤੀ, ਸਥਿਰਤਾ ਅਤੇ ਖੁਸ਼ਹਾਲੀ ਦੇ ਵਿਸਥਾਰ ਸਬੰਧੀ ਸਾਡੇ ਯਤਨਾਂ ਨੂੰ ਜਾਰੀ ਰੱਖਣ ਲਈ ਵਚਨਬੱਧ ਹਾਂ।

ਅਟਲਾਂਟਾ

31 ਅਕਤੂਬਰ, 2026